# ਬੇਢੀ ਕੇ ਗੁਣ ਸੁਨਿ ਰੀ ਬਾਈ

**ਘਰੁ ੪ ਸੋਰਠਿ ॥**

ਭਗਤ ਨਾਮਦੇਵ ਜੀ ਨੇ ਇਹ ਸ਼ਬਦ ਸੋਰਠਿ ਰਾਗ ਵਿਚ ਉਚਾਰਣ ਕੀਤਾ ਹੈ, ਪੰਨਾ ੬੫੭ ਤੇ ਸੁਭਾਇਮਾਨ ਹੈ ਅਤੇ ਇਸ ਨੂੰ ਚੌਥੇ ਘਰ ਵਿਚ ਗਾਉਣ ਦੀ ਹਦਾਇਤ ਕੀਤੀ ਗਈ ਹੈ।

**ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ ॥**

**ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ ॥੧॥**

ਭਗਤ ਜੀ ਦੀ ਛਪੜੀ ਕਾਫ਼ੀ ਪੁਰਾਣੀ ਸੀ ਪਰ ਉਹ ਨਵੀਂ ਪਾਉਣ ਦਾ ਆਹਰ ਨਹੀਂ ਸਨ ਕਰਦੇ। ਸਾਖੀ ਅਨੁਸਾਰ, ਪਰਮੇਸ਼ਰ ਨੇ, ਸਾਧੂ ਦਾ ਰੂਪ ਧਾਰ ਕੇ, ਉਹ ਤੋੜ ਦਿਤੀ ਤਾਂ ਕਿ ਭਗਤ ਜੀ ਨਵੀਂ ਬਣਵਾ ਲੈਣ। ਪਰ ਭਗਤ ਜੀ ਦੇ ਨਾ ਬਣਾਉਣ ਤੇ ਅਖੀਰ ਪਰਮੇਸ਼ਰ ਨੇ ਆਪ ਹੀ ਬੇਢੀ, ਕਾਰੀਗਰ ਦਾ ਰੂਪ ਧਾਰ ਕੇ ਭਗਤ ਜੀ ਲਈ ਸੁੰਦਰ ਛੰਨ ਜਾਂ ਛਪੜੀ ਬੰਨ੍ਹ ਦਿਤੀ ਅਤੇ ਆਪਣੇ ਭਗਤ ਨੂੰ ਦਰਸ਼ਨ ਦਿਤੇ । ਇਹ ਕੋਈ ਮਨੋਕਲਪਿਤ ਕਹਾਣੀ ਨਹੀਂ। ਭਗਤ ਜੀ ਦੀ ਆਪਣੀ ਬਾਣੀ ਦੇ ਅਨੁਸਾਰ ਉਨ੍ਹਾਂ ਨੂੰ ਕਈ ਵਾਰ ਪ੍ਰਭੂ ਦੇ ਸਾਖ਼ਸ਼ਾਤ ਦਰਸ਼ਨ ਹੋਏ। ਇਕ ਮਿਸਾਲ ਦੇ ਤੌਰ ਤੇ - 'ਨਾਮੇ ਹਰਿ ਕਾ ਦਰਸਨੁ ਭਇਆ॥', ਪੰਨਾ ੧੧੬੪. ਨਾ ਹੀ ਇਹ ਸਾਖੀ ਨਿਰੀ ਪ੍ਰਤੀਕਾਤਮਕ ਹੈ। ਇਸ ਵਿਚ ਬੇਢੀ ਪ੍ਰਭੂ, ਗੁਰਜੋਤਿ ਦੀ ਭਗਤ-ਵਛਲ ਹੋਣ ਦੀ ਵਡਿਆਈ ਕੀਤੀ ਗਈ ਹੈ, ਜੋ ਆਖਰੀ ਪਦੇ ਵਿਚ ਸਪਸ਼ਟ ਹੋ ਜਾਂਦੀ ਹੈ।

**-- ਉਪਰੋਕਤ ਪੰਕਤੀਆਂ ਵਿਚ ਭਗਤ ਜੀ ਨੇ ਦਸਿਆ ਹੈ ਕਿ ਨਾਲ ਦੀ ਗੁਆਂਢਣ ਪੁਛਦੀ ਹੈ ਕਿ ਭਗਤ ਜੀ ਉਸ ਛੰਨ ਬੰਨ੍ਹਣ ਵਾਲੇ ਕਾਰੀਗਰ ਦਾ ਪਤਾ ਦਸ ਦੇਣ ਤਾਂ ਕਿ ਉਹ ਗੁਆਂਢਣ ਵੀ। , ਉਸ ਵਰਗੀ ਸੁੰਦਰ ਛਪੜੀ ਪਵਾ ਲਵੇ, ਜਿਸ ਲਈ ਉਹ ਦੁਗਣੀ ਮਜ਼ਦੂਰੀ ਦੇਣ ਨੂੰ ਤਿਆਰ ਹੈ।੧।**

ਸਾਖੀ ਵਾਪਰਣ ਤੋਂ ਬਾਅਦ ਭਗਤ ਜੀ ਨੇ ਉਸ ਵਾਰਦਾਤ ਨੂੰ ਰੱਬੀ ਰੰਗਤ ਵਿਚ ਬਿਆਨ ਕੀਤਾ ਹੈ, ਕਿਉਂਕਿ ਭਗਤ, ਦੁਨੀਆਂ ਦੀ ਹਰ ਘਟਨਾ ਨੂੰ ਰੱਬੀ ਅੰਦਾਜ਼ ਵਿਚ ਹੀ ਵੇਖਦੇ ਹਨ। ਉਹ ਸਾਰੀ ਕਾਇਨਾਤ ਦੇ ਕਾਰੀਗਰ ਪ੍ਰਭੂ ਨੂੰ ਹੀ ਬੇਢੀ ਦਸ ਰਹੇ ਹਨ, ਕਿਉਂਕਿ ਉਹ ਹੀ 'ਕਰਤਾ' ਹੈ।

ਗੁਆਂਢਣ ਪੁਛਦੀ ਹੈ ਪਰ ਭਗਤ ਜੀ ਤੇ ਗੂੜ੍ਹਾ ਰੱਬੀ ਰੰਗ ਚੜ੍ਹਿਆ ਹੋਣ ਕਰਕੇ ਆਪਣੇ ਪਰਮੇਸ਼ਰ ਦੀ ਸਿਫ਼ਤ ਕਰਦੇ ਹੋਏ ਰੱਬੀ ਰੰਗ ਵਿਚ ਹੀ ਜੁਆਬ ਵੀ ਦਿੰਦੇ ਹਨ:

**ਰੀ ਬਾਈ ਬੇਢੀ ਦੇਨੁ ਨ ਜਾਈ ॥ ਦੇਖੁ ਬੇਢੀ ਰਹਿਓ ਸਮਾਈ ॥**

**ਹਮਾਰੈ ਬੇਢੀ ਪ੍ਰਾਨ ਅਧਾਰਾ ॥੧॥ ਰਹਾਉ ॥**

**-- ਹੇ ਬੀਬੀ ! ਉਹ ਵਡਾ ਬੇਢੀ, ਮਿਸਤਰੀ, ਕਾਰੀਗਰ, ਕਿਸੇ ਨੂੰ ਦਿਤਾ ਨਹੀਂ ਜਾ ਸਕਦਾ, ਨਾ ਹੀ ਉਸ ਦਾ ਕੋਈ ਥਹੁ ਪਤਾ ਦਸ ਸਕਦਾ ਹੈ। ਉਸ ਬੇਢੀ ਨੂੰ ਵੇਖ ! ਜੇ ਵੇਖ ਸਕੇਂ ਤਾਂ, ਉਹ ਤਾਂ ਹਰ ਥਾਂ ਸਮਾਇਆ ਹੋਇਆ ਹੈ, ਕਿਧਰੇ ਵੀ ਦਰਸ਼ਨ**

ਹੋ ਸਕਦੇ ਹਨ। ਇਨਾਂ ਹੀ ਨਹੀਂ, ਸਾਡਾ ਉਹ ਬੇਢੀ ਤਾਂ ਸਾਡੇ, ਭਾਵ, ਭਗਤਾਂ ਦੀ ਜਿੰਦ ਦਾ ਆਸਰਾ ਹੈ।੧।ਰਹਾਉ।

ਹੁਣ ਗੁਆਂਢਣ ਦੀ ਇਤਨੀ ਅਵੱਸਥਾ ਨਹੀਂ ਸੀ ਕਿ ਉਹ ਭਗਤ ਜੀ ਦੀ ਰੰਗ ਰਤੀ ਵਿਸਮਾਦੀ ਹਾਲਤ ਸਮਝ ਸਕਦੀ ਅਤੇ ਖੁਦ ਦੀਦਾਰ ਪ੍ਰਾਪਤ ਕਰ ਸਕਦੀ। ਭਗਤ ਜੀ ਆਪਣੀ ਰੱਬੀ ਰੰਗ ਵਾਲੀ ਮਸਤੀ ਵਿਚ ਪਰਮੇਸ਼ਰ ਦੀ ਉਸਤਤਿ ਗਾ ਰਹੇ ਹਨ ਜੋ ਅਬਿਚਲ, ਅਟਲ, ਗੁਰ ਜੋਤਿ ਦੇ ਰੂਪ ਵਿਚ ਸਦਾ ਤੋਂ ਵਰਤਦਾ ਆਇਆ ਹੈ ਤੇ ਇਥੇ ਭਗਤ ਜੀ ਨਾਲ ਵੀ ਅੰਗ ਸੰਗ ਹੈ, ਉਸ ਦਾ ਕੋਈ ਨਾਉਂ ਨਹੀਂ ਤੇ ਸਾਰੇ ਨਾਂ ਵੀ ਉਸ ਦੇ ਹਨ।

ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ ॥
ਲੋਗ ਕੁਟੰਬ ਸਭਹੂ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥੨॥

-- ਭਗਤ ਜੀ ਦਸਦੇ ਹਨ ਕਿ ਬੇਢੀ ਨੂੰ ਪੈਸਿਆਂ ਵਾਲੀ ਨਹੀਂ, ਪ੍ਰੇਮ ਦੀ ਮਜ਼ਦੂਰੀ ਦੀ ਭੁਖ ਹੈ, ਜੇ ਕਿਸੇ ਨੇ ਆਪਣੀ ਛੰਨ ਪਵਾਉਣੀ ਹੈ ਤਾਂ ਉਹ ਭਗਤ ਜੀ ਵਾਂਗ ਪਰਮੇਸ਼ਰ ਨਾਲ ਪ੍ਰੇਮ ਕਰੇ।

ਭਾਈ ਗੁਰਦਾਸ ਜੀ ਵੀ ਬਚਨ ਕਰਦੇ ਹਨ ਕਿ ਗੋਬਿੰਦ, ਵਾਹਿਗੁਰੂ ਭਾਉ ਭਗਤੀ ਦਾ ਭੁਖਾ ਹੈ। ਜੋ ਕੋਈ ਉਸ ਨਾਲ ਪ੍ਰੇਮ ਕਰਦਾ ਹੈ, ਉਹ ਉਸ ਦਾ ਹੈ - 'ਗੋਬਿੰਦ ਭਾਉ ਭਗਤਿ ਦਾ ਭੁਖਾ।।' ਵਾਰ, 10:7.

ਜੋ ਪਰਮੇਸ਼ਰ ਨਾਲ ਪ੍ਰੇਮ ਕਰਦੇ ਹਨ ਉਹ, ਉਨ੍ਹਾਂ ਭਗਤਾਂ ਦਾ ਹੀ ਹੋ ਕੇ ਰਹਿੰਦਾ ਹੈ।
-- ਇਹ ਪ੍ਰੇਮ, ਫ਼ਿਰ ਸਿਰਫ਼ ਉਸ ਪ੍ਰਭੂ ਨਾਲ ਹੀ ਹੋਵੇ, ਲੋਕਾਂ ਤੇ ਕੁਟੰਬ, ਭਾਵ, ਪਰਿਵਾਰ ਨਾਲ ਕੋਈ ਮੋਹ ਨਾ ਹੋਵੇ। ਭਗਤ ਜੀ ਗੁਆਂਢਣ ਨੂੰ ਦਸਦੇ ਹਨ ਕਿ ਲੋਕਾਂ ਤੇ ਕੁਟੰਬ, ਦੋਨਾਂ ਨਾਲ ਜੇ ਉਹ ਤੋੜ ਕੇ, ਸਿਰਫ਼ ਉਸੇ ਦੀ ਹੋ ਜਾਵੇ ਤਾਂ ਉਹ ਆਪ ਹੀ ਆ ਜਾਂਦਾ ਹੈ, ਇਹੀ ਉਸਦਾ ਪਤਾ ਤੇ ਥਾਂ ਟਿਕਾਣਾ ਹੈ, ਫ਼ਿਰ ਉਸ ਨੂੰ ਕਿਧਰੇ ਲਭਣ ਜਾਂ ਬੁਲਾਉਣ ਨਹੀਂ ਜਾਣਾ ਪੈਂਦਾ।

ਚੌਥੇ ਪਾਤਸ਼ਾਹ ਦੇ ਬਚਨ ਹਨ ਕਿ ਕਈਆਂ ਨੇ ਆਪਣੇ ਸੁਆਰਥ ਲਈ ਆਪਣੇ ਮਿਤਰਾਂ, ਪੁਤਰ, ਭਾਈ, ਕੁੜਮ, ਜਵਾਈ, ਸਿਕਦਾਰ, ਚੌਧਰੀ ਆਦਿ ਨਾਲ ਧੜਾ ਕੀਤਾ ਹੋਇਆ ਹੈ ਪਰ ਮੇਰਾ ਧੜਾ ਤਾਂ ਸਿਰਫ਼ ਪ੍ਰਭੂ ਨਾਲ ਹੀ ਹੈ, ਜੋ ਮੇਰੇ ਅੰਦਰ ਸਮਾਇਆ ਹੋਇਆ ਹੈ - 'ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ॥ ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲ ਜਵਾਈ॥ ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੇ ਸੁਆਈ॥ ਹਮਰਾ ਧੜਾ ਹਰਿ ਰਹਿਆ ਸਮਾਈ॥', ਪੰਨਾ ੩੬੬. ਸ੍ਰੀ ਗੁਰੂ ਅਰਜਨ ਸਾਹਿਬ ਵੀ ਅਜਿਹਾ ਹੀ ਬਚਨ ਕਰਦੇ ਹਨ - 'ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥', ਪੰਨਾ ੩੭੧.

ਦਸਮ ਪਿਤਾ ਨੇ ਪੁਛਿਆ ਕਿ ਕੀ ਨਾਂ ਹੈ ਤੇਰਾ, ਤਾਂ ਸਿਖ ਨੇ ਕਿਹਾ ਕਿ 'ਜੋਗਾ'। ਸਤਿਗੁਰੂ ਨੇ ਪੁਛਿਆ ਕਿ ਕਿਦੇ **ਜੋਗਾ**, ਤਾਂ ਉਤਰ ਮਿਲਿਆ ਕਿ ਸਤਿਗੁਰੂ ! ਤੇਰੇ **ਜੋਗਾ**। ਤਾਂ ਝਟ ਗੁਰੂ ਨੇ ਵੀ ਬਚਨ ਕਰ ਦਿਤਾ ਕਿ ਫ਼ਿਰ ਗੁਰੂ ਵੀ ਤੇਰੇ **ਜੋਗਾ**।

ਦ੍ਰੋਪਦੀ ਨੇ ਭਗਵਾਨ ਜੀ ਨੂੰ, ਇਕ ਵਾਰ, ਪੁਛਿਆ ਕਿ ਉਹ ਰਾਜ ਸਭਾ ਵਿਚ ਉਸ ਦੀ ਲਾਜ ਬਚਾਉਣ ਲਈ ਇਤਨੀ ਦੇਰ ਨਾਲ ਕਿਉਂ ਆਏ ਤਾਂ ਭਗਵਾਨ ਜੀ ਨੇ ਉਤਰ ਦਿਤਾ ਕਿ ਜਦੋਂ ਉਹ ਸਭਾ ਦੇ ਸਾਰੇ ਵਡੇਰਿਆਂ ਨੂੰ ਮਦਦ ਲਈ ਪੁਕਾਰ ਰਹੀ ਸੀ ਤਾਂ ਉਹ ਕੀ ਕਰਨ ਆਉਂਦੇ ! ਜਦੋਂ ਸਾਰੇ ਆਸਰੇ ਛਡ ਕੇ ਉਸ ਨੇ ਭਗਵਾਨ ਜੀ ਨੂੰ ਪੁਕਾਰ ਕੀਤੀ ਤਾਂ ਉਹ ਝਟ ਆ ਗਏ।

ਮਹਾਤਮਾ ਜੀਸਸ ਦੇ ਬਚਨ ਹਨ - '**ਜੋ ਕੋਈ ਪਿਉ ਯਾ ਮਾਂ ਨੂੰ ਮੇਰੇ ਨਾਲੋਂ ਵਧ ਪਿਆਰ ਕਰਦਾ ਹੈ ਮੇਰੇ ਜੋਗ ਨਹੀਂ ਅਤੇ ਜੇ ਕੋਈ ਪੁਤ੍ਰ ਯਾ ਧੀ ਨੂੰ ਮੇਰੇ ਨਾਲੋਂ ਵਧ ਪਿਆਰ ਕਰਦਾ ਹੈ ਉਹ ਮੇਰੇ ਜੋਗ ਨਹੀਂ॥**', ਨਵਾਂ ਨੇਮ, ਮਤੀ-੧੦:੩੭.

**ਐਸੋ ਬੇਢੀ ਬਰਨਿ ਨ ਸਾਕਉ ਸਭ ਅੰਤਰ ਸਭ ਠਾਂਈ ਹੋ ॥**

**ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ ॥੩॥**

**-- ਭਗਤ ਜੀ ਅਗੋਂ ਦਸਦੇ ਹਨ ਕਿ ਮੈਂ ਐਸੇ ਕਾਰੀਗਰ ਦਾ ਸਰੂਪ ਬਿਆਨ ਨਹੀਂ ਕਰ ਸਕਦਾ, ਬਸ ਇਹੀ ਦਸ ਸਕਦਾ ਹਾਂ ਕਿ ਉਹ ਸਾਰਿਆਂ ਦੇ ਅੰਦਰ ਤੇ ਹਰ ਥਾਂ ਵਸਿਆ ਹੋਇਆ ਹੈ।**

ਅਜਿਹਾ ਹੀ ਬਿਆਨ ਪੰਜਵੇਂ ਪਾਤਸ਼ਾਹ ਨੇ ੬੧੭ ਪੰਨੇ ਤੇ ਇੰਵ ਕੀਤਾ ਹੈ ਕਿ ਜਿਵੇਂ ਸਾਰੀ ਬਨਸਪਤੀ ਵਿਚ ਅਗ ਅਤੇ ਸਾਰੇ ਦੁਧ ਵਿਚ ਘਿਉ ਸਮਾਇਆ ਹੋਇਆ ਹੈ ਇੰਵ ਹੀ ਹਰ ਉਚੇ ਨੀਵੇਂ ਵਿਚ ਪ੍ਰਭੂ ਸਮਾਇਆ ਹੋਇਆ ਹੈ - 'ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥ ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ॥'

**-- ਇਹ ਤਾਂ ਇੰਜ ਹੈ ਜਿਵੇਂ ਗੂੰਗੇ ਨੂੰ ਮਹਾਂ ਅੰਮ੍ਰਿਤ ਰਸ ਚਖਾ ਕੇ ਕੋਈ ਸਵਾਦ ਪੁਛਣ ਲਗ ਪਏ ਤਾਂ ਉਹ ਕੀ ਜਵਾਬ ਦੇ ਸਕਦਾ ਹੈ !**

ਸ੍ਰੀ ਗੁਰੂ ਅਰਜਨ ਸਾਹਿਬ ਦਾ ਫ਼ੁਰਮਾਣ ਹੈ ਕਿ ਉਹ ਲਾਲ ਪਿਆਰਾ ਅਜਬ ਹੈ ਅਜਬ ਹੈ ਅਜਬ ਹੈ, ਉਸ ਦੇ ਅਜਬ ਕੌਤਕ, ਪ੍ਰੇਮ ਰੰਗ ਵਿਚ ਮੈਂ ਲਾਲ ਗੁਲਾਲ ਰੰਗ ਦੀ ਹੋ ਗਈ ਹਾਂ। ਉਸ ਦੇ ਅਤਿ ਸੋਹਣੇ ਮਿਲਾਪ ਦਾ ਸੰਤ ਜਨਾਂ ਨੂੰ ਇਤਨਾ ਰਸ ਆ ਜਾਂਦਾ ਹੈ ਕਿ ਬਸ ਜਿਵੇਂ ਕੋਈ ਅਤਿ ਸੁਆਦਲਾ ਪਦਾਰਥ ਚਖ ਕੇ ਗੂੰਗਾ ਸਿਰਫ਼ ਮੁਸਕਰਾਉਂਦਾ ਹੀ ਹੈ, ਦਸ ਕੁਝ ਨਹੀਂ ਸਕਦਾ - 'ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ॥ ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ॥', ਪੰਨਾ ੧੩੦੨. ਇਸੇ ਕਰਕੇ ਗੁਰੂ ਨਾਨਕ ਸਾਹਿਬ ਨੇ ਉਸ ਗੁਰੂ ਦੀ ਮਹਿਮਾ ਵਿਚ ਬਹੁਤ ਜ਼ਿਆਦਾ ਕਹਿਣ ਦੀ ਥਾਂ 'ਵਾਹੁ' ਹੀ ਕਹਿ ਦਿਤਾ। ਇਹੀ ਹੈ 'ਵਾਹਗੁਰੂ'। ਉਸ ਦੇ ਕਿਹੜੇ ਕਿਹੜੇ ਗੁਣ ਬਖਾਨ ਕਰੀਏ - 'ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ॥ ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ॥', ਪੰਨਾ ੭੩੫. 'ਵਾਹਗੁਰੂ' ਕਹਿਣ ਨਾਲ ਪ੍ਰਭੂ/ਗੁਰੂ ਦੇ ਸਾਰੇ ਗੁਣ ਬਖਾਨ ਹੋ ਗਏ, ਜਿਹੜੇ ਸਾਨੂੰ ਪਤਾ ਹਨ ਉਹ ਵੀ, ਜਿਹੜੇ ਨਹੀਂ ਪਤਾ ਉਹ ਵੀ। ਇਹ 'ਵਾਹਗੁਰੂ' ਜਾਂ 'ਵਾਹਿਗੁਰੂ' **ਗੁਰਸਬਦ** ਜਾਂ **ਗੁਰਮੰਤਰ** ਦੀ ਮਹਾਨਤਾ ਵੀ ਹੈ।

ਭਗਤ ਕਬੀਰ ਸਾਹਿਬ ਵੀ ਅਜਿਹਾ ਹੀ ਬਚਨ ਕਰਦੇ ਹਨ ਕਿ ਗੂੰਗਾ, ਗੁੜ ਵਰਗਾ ਮਿਠਾ ਖਾ ਕੇ ਵੀ ਉਸਦਾ ਸੁਆਦ ਨਹੀਂ ਦਸ ਸਕਦਾ - 'ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥', ਪੰਨਾ ੩੪੪.

**ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ ॥**

**ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ ॥੪॥੨॥**

**-- ਹੇ ਬੀਬੀ ! ਆ ਮੈਂ ਤੈਨੂੰ ਉਸ ਬੇਢੀ ਦੇ ਗੁਣ ਦਸਾਂ। ਜਦੋਂ ਉਹ ਤ੍ਰੇਤੇ ਵਿਚ ਸ੍ਰੀ ਰਾਮ ਚੰਦਰ ਦੇ ਸਰੂਪ ਵਿਚ ਆਇਆ ਸੀ ਤਾਂ ਉਸ ਨੇ ਸਮੁੰਦਰ ਤੇ ਪੁਲ ਬੰਨ੍ਹ ਛਡਿਆ। ਉਸ ਤੋਂ ਪਹਿਲਾਂ, ਉਸੇ ਨੇ ਹੀ ਕਿਸੇ ਹੋਰ ਸਰੂਪ ਵਿਚ ਸਤਿਜੁਗ ਵਿਚ ਭਗਤ ਧ੍ਰੂ ਨੂੰ ਅਟਲ ਪਦਵੀ ਵੀ ਬਖਸ਼ੀ ਸੀ।**

ਸ੍ਰੀ ਗੁਰੂ ਨਾਨਕ ਸਾਹਿਬ ਦਾ ਫ਼ੁਰਮਾਣ ਹੈ ਕਿ ਉਸ ਗੁਰਮੁਖਿ ਸ੍ਰੀ ਰਾਮ ਚੰਦਰ ਜੀ ਨੇ ਸਮੁੰਦਰ ਤੇ ਪੁਲ ਬੰਨ੍ਹਿਆਂ, ਲੰਕਾ ਨੂੰ ਖਦੇੜ ਕੇ ਦੈਂਤ ਰਾਵਣ ਨੂੰ ਸਜ਼ਾ ਦਿਤੀ, ਉਸ ਰਾਵਣ ਨੂੰ ਆਪਣੇ ਕੀਤੇ ਕਰਮਾਂ ਦਾ ਸੰਤਾਪ ਭੋਗਣਾ ਪਿਆ। ਉਸੇ ਗੁਰਮੁਖਿ ਨੇ ਸਮੁੰਦਰ ਤੇ ਪਥਰ ਵੀ ਤਾਰ ਦਿਤੇ, ਉਸੇ ਗੁਰਮੁਖਿ ਨੇ, ਜਗਤ ਵਿਚ ਆਣ ਕੇ, ਤੇਤੀ ਕਰੋੜਾਂ ਦਾ ਉਧਾਰ ਕੀਤਾ - 'ਗੁਰਮੁਖਿ ਬਾਂਧਿਓ ਸੇਤੁ ਬਿਧਾਤੈ॥ ਲੰਕਾ ਲੂਟੀ ਦੈਤ ਸੰਤਾਪੈ॥..ਗੁਰਮੁਖਿ ਸਾਇਰਿ ਪਾਹਣ ਤਾਰੇ॥ ਗੁਰਮੁਖਿ ਕੋਟਿ ਤੇਤੀਸ ਉਧਾਰੇ॥', ਪੰਨਾ ੯੪੨. ਗੁਰਬਾਣੀ ਅਨੁਸਾਰ ਸ੍ਰੀ ਰਾਮ ਚੰਦਰ ਜੀ, ਤ੍ਰੇਤੇ ਜੁਗ ਵਿਚ ਗੁਰਜੋਤਿ ਦਾ ਹੀ ਸਰੂਪ ਸਨ। ਸ੍ਰੀ ਗੁਰੂ ਰਾਮਦਾਸ ਸਾਹਿਬ ਗੁਰਜੋਤਿ ਨੂੰ ਸੰਬੋਧਨ ਕਰਦਿਆਂ, ਤ੍ਰੇਤੇ ਜੁਗ ਦੇ ਗੁਰਜੋਤਿ ਸਰੂਪ ਦੀ ਵਡਿਆਈ, ੧੪੦੧ ਪੰਨੇ ਤੇ ਗਾਈ ਗਈ ਹੈ। 'ਰਾਜਾ ਦਸ਼ਰਥ ਦੇ ਘਰ, ਰਘੂਕੁਲ ਵਿਚ ਤਿਲਕਧਾਰੀ, ਸੁੰਦਰ ਸਰੂਪ ਆਇਆ ਜਿਸ ਦੇ ਚਰਨਾਂ ਦੀ ਧੂੜ ਅਤੇ ਉਸ ਦੀ ਸ਼ਰਣ, ਮੁਨੀ ਜਨ ਪ੍ਰਾਪਤ ਕਰਨਾ ਲੋਚਦੇ ਹਨ' - 'ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾ ਕੀ ਸਰਣੰ॥'

ਹੁਣ ਇਥੇ ਉਸ ਪਰਮੇਸ਼ਰ ਦੇ ਗੁਰ ਜੋਤਿ ਦੀ ਵਡਿਆਈ ਕਰ ਰਹੇ ਹਨ ਕਿ ਹਰ ਜੁਗ ਵਿਚ ਆ ਕੇ ਭਗਤਾਂ ਨੂੰ ਨਿਵਾਜਦਾ ਹੈ। ਕਲਿਜੁਗ ਵਿਚ ਗੁਰੂ ਨਾਨਕ ਦੇ ਨਾਂ ਨਾਲ ਆਏ ਇਸੇ ਗੁਰਜੋਤਿ ਦੇ ਸਰੂਪ ਨੇ, ਸਤਿਜੁਗ ਵਿਚ ਭਗਤ ਧ੍ਰੂ ਤੇ ਵੀ ਕਿਰਪਾ ਕੀਤੀ ਸੀ - 'ਕਰੀ ਕ੍ਰਿਪਾ ਸਤਜੁਗਿ ਜਿਨਿ ਧ੍ਰੂ ਪਰਿ॥', ਪੰਨਾ ੧੪੦੧.

**-- ਅਗੋਂ ਭਗਤ ਜੀ ਹੋਰ ਖੁਲ ਕੇ ਬਿਆਨ ਕਰ ਰਹੇ ਹਨ ਕਿ ਇਹੀ ਹੈ ਨਾਮਦੇਵ ਦਾ ਸੁਆਮੀ, ਮਾਲਕ, ਇਸ਼ਟ, ਜਿਸਨੇ ਲੰਕਾ ਵਿਚੋਂ ਸੀਤਾ ਨੂੰ ਛਡਾ ਕੇ ਲਿਆਉਂਦਾ ਅਤੇ ਲੰਕਾ ਦਾ ਰਾਜ ਭਭੀਖਣ ਨੂੰ ਦੇ ਦਿਤਾ।**

ਸਾਫ਼ ਤੌਰ ਤੇ ਭਗਤ ਨਾਮਦੇਵ ਜੀ ਨੇ ਇਸੇ ਗੁਰ ਜੋਤਿ ਨੂੰ ਆਪਣਾ ਸੁਆਮੀ, ਇਸ਼ਟ ਦਸਿਆ ਹੈ। ਹੁਣ ਇਥੇ ਗੁਰਬਾਣੀ ਬਾਰੇ ਇਕ ਭੁਲੇਖਾ ਦੂਰ ਕਰਨ ਦੀ ਲੋੜ ਹੈ। ਪੰਨਾ ੮੭੫ ਤੇ ਭਗਤ ਨਾਮਦੇਵ ਜੀ ਦੀ ਬਾਣੀ ਵਿਚ ਫ਼ੁਰਮਾਣ ਆਇਆ ਹੈ ਕਿ 'ਹੇ ਪੰਡਿਤ ! ਅਸੀਂ ਵੇਖਿਆ, ਤੇਰੀ ਸੋਚ ਦਾ ਰਾਮਚੰਦਰ, ਜਿਸ ਬਾਰੇ ਤੂੰ ਸਿਰਫ਼ ਇਤਨਾ ਹੀ ਦਸਦਾ ਜਾਂ ਜਾਣਦਾ ਹੈਂ ਕਿ ਉਸ ਨੇ ਆਪਣੀ ਘਰ ਵਾਲੀ ਗੁਆ ਲਈ ਤੇ ਉਸ ਦੀ ਰਾਵਣ

ਨਾਲ ਲੜਾਈ ਹੋਈ' - 'ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ॥ ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ॥ ਹਿੰਦੂ ਅੰਨਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥ ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥' ਕਹਿਣ ਦਾ ਭਾਵ ਇਹ ਕਿ ਪੰਡਿਤ ਸ੍ਰੀ ਰਾਮ ਚੰਦਰ ਜੀ ਦੀ ਵਡਿਆਈ ਬਾਰੇ ਇਸ ਤੋਂ ਵਧ ਕੁਝ ਨਹੀਂ ਜਾਣਦਾ, ਨਾ ਹੀ ਸ਼ਰਧਾ ਰਖਦਾ ਹੈ। ਸ੍ਰੀ ਰਾਮ ਚੰਦਰ ਨੂੰ ਗੁਰਜੋਤਿ ਦੇ ਰੂਪ ਵਿਚ ਨਹੀਂ ਪਛਾਣਦਾ, ਅਤੇ ਨਾਲ ਹੀ ਅਗੋਂ ਇਹ ਵੀ ਦਸਿਆ ਹੈ ਕਿ ਸਗੋਂ ਉਨ੍ਹਾਂ ਦੇ ਨਾਂ ਦੀ ਮੂਰਤੀ ਬਣਾ ਕੇ ਦੇਹੁਰੇ, ਮੰਦਰ ਵਿਚ ਬੈਠਾ ਜਾਣ ਲਿਆ ਤੇ ਪੂਜੀ ਗਿਆ। ਪੂਰੀ ਸ਼ਰਧਾ ਕਿਸੇ ਤੇ ਵੀ ਨਾ ਰਖ ਸਕਿਆ। ਇਸ ਲਈ ਭਗਤ ਨਾਮਦੇਵ ਜੀ ਨੇ **ਹਿੰਦੂ ਨੂੰ ਅੰਨ੍ਹਾਂ** ਵੀ ਕਹਿ ਦਿਤਾ। ਪਰ ਭਗਤ ਨਾਮਦੇਵ ਜੀ ਫੁਰਮਾਣ ਕਰਦੇ ਹਨ ਕਿ ਉਹ ਤਾਂ ਜਾਣਦੇ ਹਨ ਕਿ ਉਹ ਸ੍ਰੀ ਰਾਮ ਚੰਦਰ, ਨਾਮਦੇਵ ਦੇ ਸੁਆਮੀ ਹਨ, ਉਹ ਪੰਡਿਤ ਦੇ ਮੰਦਰ ਵਿਚ ਹੀ ਮੂਰਤੀ ਰੂਪ ਵਿਚ ਨਹੀਂ ਬੈਠੇ ਹੋਏ। ਉਹ ਤਾਂ ਉਹੀ ਗੁਰਜੋਤਿ ਹਨ ਜੋ ਸਮੇਂ ਸਮੇਂ ਤੇ ਪਰਗਟ ਹੁੰਦੇ ਹਨ, ਸਤਿਜੁਗ ਵਿਚ ਇਨ੍ਹਾਂ ਨੇ ਭਗਤ ਧ੍ਰੂ ਨੂੰ ਨਿਵਾਜਿਆ ਸੀ। ਤ੍ਰੇਤੇ ਵਿਚ ਸਮੁੰਦਰ ਨੂੰ ਬੰਨ੍ਹ ਦਿਤਾ ਤੇ ਸੀਤਾ ਵਾਪਸ ਲਿਆ ਕੇ, ਲੰਕਾ ਦਾ ਰਾਜ, ਆਪਣੇ ਭਗਤ ਭਭੀਖਣ ਨੂੰ ਦੇ ਦਿਤਾ।

ਇਹ ਸਪੱਸ਼ਟ ਤੌਰ ਤੇ ਉਸੇ ਗੁਰ ਜੋਤਿ ਦੀ ਵਡਿਆਈ ਹੈ ਜਿਸ ਦੀ ਵਡਿਆਈ ਭੱਟ ਸਾਹਿਬਾਨ ਨੇ ਸਵਈਆਂ ਵਿਚ ਵੀ ਕੀਤੀ ਹੈ ਅਤੇ ਗੁਰੂ ਸਾਹਿਬਾਨ ਨੂੰ ਸੰਬੋਧਨ ਕਰਦਿਆਂ ਕਿਹਾ ਹੈ ਕਿ ਤੁਸੀਂ ਹੀ ਗੁਰ ਜੋਤਿ ਹੋ ਜੋ ਹਰ ਸਮੇਂ ਰੂਪ, ਸਰੀਰ ਧਾਰ ਕੇ ਭਗਤਾਂ ਦਾ ਉਧਾਰ ਕਰਦੇ ਆਏ ਹੋ। ਅਕਾਲ ਪੁਰਖ ਦਾ ਇਹੀ ਸਦਾ ਲਈ, ਅਟੱਲ ਫੁਰਮਾਣ ਹੈ ਕਿ ਹਰ ਜੁਗ ਵਿਚ ਇਸੇ ਜੋਤਿ ਦਾ ਰਾਜ ਅਟਲ ਹੈ - 'ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥'

